# ਸੋਚੋ: ਇਲਾਜ ਲਈ ਕਿੱਥੇ ਜਾਣਾ ਹੈ

## ਜੇ ਤੁਹਾਨੂੰ ਇਲਾਜ ਦੀ ਲੋੜ ਹੋਵੇ ਤਾਂ ਤੁਹਾਨੂੰ ਕਿੱਥੇ ਜਾਣਾ ਚਾਹੀਦਾ ਹੈ?

HealthLinkBC.ca

HealthLinkBC.ca/health-connect-registry/status

pathwaysmedicalcare.ca

HealthLinkBC.ca/services-and-resources/upcc

### ਆਪਣਾ ਖਿਆਲ ਰੱਖੋ + ਹੈਲਥਲਿੰਕ ਬੀ ਸੀ ਨਾਲ ਸੰਪਰਕ ਕਰੋ

ਮਾਮੂਲੀ ਬੀਮਾਰੀਆਂ ਅਤੇ ਸੱਟਾਂ ਦਾ ਘਰ ਵਿਚ ਇਲਾਜ ਕਰੋ। ਸਿਹਤ ਬਾਰੇ ਜਾਣਕਾਰੀ ਅਤੇ ਸਲਾਹ ਲਈ ਏਅਲਟਹ਼ਨਿਕਭਛ.ਚਅ ’ਤੇ ਜਾਉ ਜਾਂ ਦਿਨ ਜਾਂ ਰਾਤ ਦੇ ਕਿਸੇ ਵੀ ਸਮੇਂ **8-1-1 (ਟੀ ਟੀ ਵਾਈ 7-1-1) ਨੂੰ ਫੋਨ ਕਰੋ** ਅਤੇ ਜੇ ਤੁਹਾਨੂੰ ਦੋਭਾਸ਼ੀਏ ਦੀ ਲੋੜ ਹੋਵੇ ਤਾਂ ਲਾਈਨ ’ਤੇ ਰਹੋ।

### ਹੈਲਥ ਕੋਨੈਕਟ ਰਜਿਸਟਰੀ ਲਈ ਰਜਿਸਟਰ ਹੋਵੋ

ਜੇ ਤੁਹਾਡੇ ਕੋਲ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਨਹੀਂ ਹੈ ਤਾਂ ਮਰੀਜ਼ਾਂ ਨੂੰ ਲੈਣ ਵਾਲੇ ਕਿਸੇ ਨਾਲ ਜੁੜਨ ਲਈ **ਰਜਿਸਟਰ** ਹੋਵੋ।

### ਆਪਣੇ ਫਾਰਮਾਸਿਸਟ ਕੋਲ ਜਾਉ

ਸਿਹਤ ਦੀਆਂ ਆਮ ਸਮੱਸਿਆਵਾਂ ਬਾਰੇ ਅਤੇ ਇਨ੍ਹਾਂ ਲਈ ਸਭ ਤੋਂ ਬਿਹਤਰ ਦਵਾਈ ਲੈਣ ਬਾਰੇ **ਸਲਾਹ ਪੁੱਛੋ**।

### ਆਪਣੇ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਕੋਲ ਜਾਉ

ਤੁਹਾਡਾ ਫੈਮਿਲੀ ਡਾਕਟਰ ਜਾਂ ਨਰਸ ਪ੍ਰੈਕਟੀਸ਼ਨਰ ਤੁਹਾਡੀ ਮੈਡੀਕਲ ਹਿਸਟਰੀ ਅਤੇ ਉਨ੍ਹਾਂ ਬੀਮਾਰੀਆਂ ਬਾਰੇ ਜਾਣਦਾ/ਜਾਣਦੀ ਹੈ ਜਿਹੜੀਆਂ ਤੁਹਾਨੂੰ ਹੋਈਆਂ ਸਨ। ਉਨ੍ਹਾਂ ਸਿਹਤ ਸਮੱਸਿਆਵਾਂ ਲਈ **ਅਪੌਇੰਟਮੈਂਟ ਬਣਾਉ** ਜਿਨ੍ਹਾਂ ਦਾ ਤੁਹਾਨੂੰ ਫਿਕਰ ਹੈ ਜਾਂ ਜਿਹੜੀਆਂ ਹਟ ਨਹੀਂ ਰਹੀਆਂ।

### ਪਾਥਵੇਅਜ਼ ਮੈਡੀਕਲ ਡਾਇਰੈਕਟਰੀ ’ਤੇ ਜਾਉ

ਇਨ੍ਹਾਂ ਚੀਜ਼ਾਂ ਬਾਰੇ **ਵੇਰਵੇ ਦੇਖਣ** ਲਈ ਔਨਲਾਈਨ ਡਾਇਰੈਕਟਰੀ ਕਿ ਫੈਮਿਲੀ ਡਾਕਟਰ ਅਤੇ ਨਰਸ ਪ੍ਰੈਕਟੀਸ਼ਨਰ ਕਿਵੇਂ ਲੱਭਣੇ ਹਨ, ਵਾਕ-ਇਨ ਕਲੀਨਿਕਸ, ਕੋਵਿਡ-19 ਟੈਸਟਿੰਗ ਅਤੇ ਵੈਕਸੀਨਾਂ।

### ਅਰਜੈਂਟ + ਪ੍ਰਾਇਮਰੀ ਕੇਅਰ ਸੈਂਟਰ (ਯੂ ਪੀ ਸੀ ਸੀ) ਨੂੰ ਜਾਉ

ਯੂ ਪੀ ਸੀ ਸੀ, ਜ਼ਿੰਦਗੀ ਨੂੰ ਖਤਰੇ ਵਿਚ ਨਾ ਪਾਉਣ ਵਾਲੀਆਂ ਸੱਟਾਂ ਜਾਂ ਬੀਮਾਰੀਆਂ ਲਈ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾਣ ਦਾ ਬਦਲ ਪ੍ਰਦਾਨ ਕਰਦਾ ਹੈ।

### 9-1-1 ਨੂੰ ਫੋਨ ਕਰੋ ਜਾਂ ਐਮਰਜੰਸੀ ਨੂੰ ਜਾਉ

ਜੇ ਤੁਹਾਨੂੰ ਜਾਂ ਤੁਹਾਡੇ ਕਿਸੇ ਪਿਆਰੇ ਨੂੰ ਬੀਮਾਰੀ, ਸੱਟ, ਜਾਂ ਓਵਰਡੋਜ਼ ਲਈ ਫੌਰੀ ਮੈਡੀਕਲ ਧਿਆਨ ਦੀ ਲੋੜ ਹੋਵੇ ਤਾਂ **9-1-1 ਨੂੰ ਫੋਨ ਕਰੋ ਜਾਂ ਫੌਰਨ ਨੇੜੇ ਦੇ ਹਸਪਤਾਲ ਦੇ ਐਮਰਜੰਸੀ ਡਿਪਾਰਟਮੈਂਟ ਨੂੰ ਜਾਉ**।

[Punjabi]

Richmond
Division of Family Practice
A GPSC initiative